# ਕੀ ਮਾਲਕਾਂ ਵਾਸਤੇ ਪ੍ਰਸਨਲ ਪ੍ਰੋਟੈਕਟਿਵ ਇਕਯੁਪਮੈਂਟ (ਪੀਪੀਈ) ਪ੍ਰਦਾਨ ਕਰਨਾ ਜ਼ਰੂਰੀ ਹੈ? (Do employers have to provide personal protective equipment (PPE)?)

ਪ੍ਰਸਨਲ ਪ੍ਰੋਟੈਕਟਿਵ ਇਕਯੁਪਮੈਂਟ ਐਟ ਵਰਕ ਰੈਗੂਲੇਸ਼ਨਜ 1992 ਇਸ ਨਾਲ ਸਬੰਧਤ ਰੈਗੂਲੇਸ਼ਨਾ ਹਨ।

ਰੈਗੂਲੇਸ਼ਨ 4 ਵਿਚ ਬਿਆਨ ਕੀਤਾ ਗਿਆ ਹੈ:
ਹਰ ਇਕ ਮਾਲਕ ਵਾਸਤੇ ਆਪਣੇ ਉਨ੍ਹਾਂ ਕਰਮਚਾਰੀਆਂ ਨੂੰ, ਜਿਨ੍ਹਾਂ ਨੂੰ ਕੰਮ ਉਤੇ ਉਨ੍ਹਾਂ ਦੀ ਸਿਹਤ ਅਤੇ ਸਲਾਮਤੀ ਸਬੰਧੀ ਕੋਈ ਸੰਭਾਵੀ ਖਤਰਾ ਹੋਵੇ, ਜੇ ਉਹ ਖਤਰਾ ਕਿਸੇ ਦੂਸਰੇ ਅਸਰਦਾਰ ਉਪਾਅ ਰਾਹੀਂ ਕੰਟ੍ਰੋਲ ਨਹੀਂ ਕੀਤਾ ਗਿਆ ਤਾਂ, ਉਚਿਤ (ਪ੍ਰਸਨਲ ਪ੍ਰੋਟੈਕਟਿਵ ਇਕਯੁਪਮੈਂਟ) ਵਿਅਕਤੀਗਤ ਸੁਰੱਖਿਅਕ ਸਮਾਨ ਪ੍ਰਦਾਨ ਕਰਨਾ ਚਾਹੀਦਾ ਹੈ।

ਇਸਦੇ ਨਾਲ ਦੀ ਗਾਈਡੈਂਸ ਵਿਚ ਬਿਆਨ ਹੈ:
ਇਸ ਕਰਕੇ, ਜਿੱਥੇ ਸਿਹਤ ਅਤੇ ਸਲਾਮਤੀ ਨੂੰ ਪੇਸ਼ ਆਉਣ ਵਾਲਾ ਸੰਭਾਵੀ ਖਤਰਾ ਕਿਸੇ ਦੂਸਰੇ ਉਪਾਅ ਰਾਹੀਂ ਉਚਿਤ ਤੌਰ ਤੇ ਕੰਟ੍ਰੋਲ ਨਹੀਂ ਕੀਤਾ ਜਾ ਸਕਦਾ ਉਥੇ ਮਾਲਕਾਂ ਨੂੰ ਕਰਮਚਾਰੀਆਂ ਵਾਸਤੇ ਵਿਅਕਤੀਗਤ ਸੁਰੱਖਿਅਕ ਸਮਾਨ (ਪੀਪੀਈ) ਅਤੇ ਇਸਦੀ ਵਰਤੋਂ ਵਾਸਤੇ ਟ੍ਰੇਨਿੰਗ ਦੇਣੀ ਚਾਹੀਦੀ ਹੈ।

ਆਪਣੇ ਕਰਮਚਾਰੀਆਂ ਨੂੰ ਪੀਪੀਈ ਪ੍ਰਦਾਨ ਕਰਨ ਵਾਸਤੇ ਮਾਲਕਾਂ ਨੂੰ ਇਹ ਸਮਾਨ ਇਮਾਰਤ ਵਿਚ ਮੌਜੂਦ ਰੱਖਣ ਨਾਲੋਂ ਵੱਧ ਕੰਮ ਕਰਨਾ ਪਵੇਗਾ। ਇਹ ਸਮਾਨ ਕਰਮਚਾਰੀਆਂ ਨੂੰ ਮਿਲਣਾ ਚਾਹੀਦਾ ਹੈ ਜਾਂ ਘੱਟੋ ਘੱਟ ਇਤਨਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਇਹ ਉਨ੍ਹਾਂ ਨੂੰ ਕਿੱਥੋਂ ਮਿਲ ਸਕਦਾ ਹੈ।

ਹੈਲਥ ਐਂਡ ਸੇਫਟੀ ਐਟ ਵਰਕ ਇਕਸੈਟਰਾ ਐਕਟ 1974 ਦੀ ਧਾਰਾ 9 ਅਨੁਸਾਰ ਸਿਰਫ ਕੰਮ ਉਤੇ ਹੀ ਵਰਤੀ ਜਾਣ ਵਾਲੀ ਪੀਪੀਈ ਦੀ ਸੁਵਿਧਾ ਦੀ ਕਰਮਚਾਰੀ ਕੋਲੋਂ ਕੋਈ ਕੀਮਤ ਨਹੀਂ ਲਈ ਜਾਣੀ ਚਾਹੀਦੀ। ਐਕਟ 1974 ਵਿਚ ਬਿਆਨ ਹੈ: "ਸਬੰਧਤ ਕਨੂੰਨੀ ਸੁਵਿਧਾ ਦੀ ਲੋੜ ਨੂੰ ਪੂਰੇ ਕੀਤੇ ਜਾਣ ਵਾਲੇ ਕਿਸੇ ਵੀ ਕੰਮ ਜਾਂ ਚੀਜ਼ ਵਾਸਤੇ ਮਾਲਕ ਵਲੋਂ ਕਿਸੇ ਵੀ ਕਰਮਚਾਰੀ ਕੋਲੋਂ ਕੋਈ ਵੀ ਕੀਮਤ ਨਹੀਂ ਲਈ ਜਾਣੀ ਚਾਹੀਦੀ ਜਾਂ ਕੀਮਤ ਲਈ ਜਾਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ"। ਧਾਰਾ 9 ਇਨ੍ਹਾਂ ਰੈਗੂਲੇਸ਼ਨਾ ਉਤੇ ਲਾਗੂ ਹੁੰਦੀ ਹੈ ਕਿਉਂਕਿ ਇਹ ਇਕ 'ਨਿਸ਼ਚਤ ਲੋੜ' – ਜਿਵੇਂ ਕਿ ਪੀਪੀਈ ਪ੍ਰਦਾਨ ਕਰਨ – ਨੂੰ ਲਾਗੂ ਕਰਦੀਆਂ ਹਨ।

## ਸਬੰਧਤ ਪ੍ਰਕਾਸ਼ਨਾਵਾਂ

ਪ੍ਰਸਨਲ ਪ੍ਰੋਟੈਕਟਿਵ ਇਕਯੁਪਮੈਂਟ ਐਟ ਵਰਕ: ਗਾਈਡੈਂਸ ਆਨ ਰੈਗੂਲੇਸ਼ਨਜ, ਐਲ25, (ISBN 0717604152 – ਐਚਐਸਈ ਬੁਕਸ ਤੋਂ ਉਪਲੱਬਧ ਹੈ)

- **ਏ ਸ਼ੋਰਟ ਗਾਈਡ ਟੂ ਦ ਪ੍ਰਸਨਲ ਪ੍ਰੋਟੈਕਟਿਵ ਇਕਯੁਪਮੈਂਟ ਐਟ ਵਰਕ ਰੈਗੂਲੇਸ਼ਨਜ – ਮੁਫ਼ਤ ਲੀਫਲੈੱਟ**